Workers' Compensation Appeal Tribunal

# ਲਿਖਤੀ ਦਲੀਲਾਂ ਦੇਣ ਬਾਰੇ ਗਾਈਡ

# Written Submission Guide

Workers' Compensation Appeal Tribunal

## ਲਿਖਤੀ ਦਲੀਲ (ਰਿਟਨ ਸਬਮਿਸ਼ਨ) ਕੀ ਹੈ?

ਜੇ ਤੁਸੀਂ ਅਪੀਲਕਰਤਾ ਹੋ ਤਾਂ ਲਿਖਤੀ ਦਲੀਲ (ਰਿਟਨ ਸਬਮਿਸ਼ਨ), ਤੁਹਾਡੇ ਲਈ ਸਾਨੂੰ ਲਿਖਤੀ ਰੂਪ ਵਿਚ ਇਹ ਦੱਸਣ ਦਾ ਇਕ ਮੌਕਾ ਹੈ ਕਿ ਤੁਹਾਡੀ ਅਪੀਲ ਕਿਉਂ ਜਿੱਤੀ ਜਾਣੀ ਚਾਹੀਦੀ ਹੈ ਅਤੇ ਤੁਹਾਡੇ ਖਿਆਲ ਮੁਤਾਬਕ ਤੁਹਾਨੂੰ ਕਿਹੜੇ ਲਾਭ ਮਿਲਣੇ ਚਾਹੀਦੇ ਹਨ। ਜੇ ਤੁਸੀਂ ਉੱਤਰਦਾਇਕ ਹੋ ਤਾਂ ਤੁਹਾਡੇ ਲਈ ਸਾਨੂੰ ਲਿਖਤੀ ਰੂਪ ਵਿਚ ਇਹ ਦੱਸਣ ਦਾ ਇਕ ਮੌਕਾ ਹੈ ਕਿ ਅਪੀਲਕਰਤਾ ਦੀ ਅਪੀਲ ਕਿਉਂ ਨਹੀਂ ਜਿੱਤੀ ਜਾਣੀ ਚਾਹੀਦੀ। ਉੱਤਰਦਾਇਕ ਵਜੋਂ ਤੁਸੀਂ ਅਪੀਲਕਰਤਾ ਦੀ ਸਥਿਤੀ ਦੀ ਵੀ ਹਿਮਾਇਤ ਕਰ ਸਕਦੇ ਹੋ।

ਤੁਹਾਡੀਆਂ ਲਿਖਤੀ ਦਲੀਲਾਂ ਨਾਲ, ਤੁਹਾਨੂੰ ਨਵੀਂ ਜਾਣਕਾਰੀ ਜਾਂ ਸਬੂਤ ਸਾਡੇ ਵਾਈਸ ਚੇਅਰ ਨੂੰ ਦਿਖਾਉਣ ਦਾ ਮੌਕਾ ਮਿਲੇਗਾ, ਜਿਸ ਦੀ ਜ਼ਿੰਮੇਵਾਰੀ ਤੁਹਾਡੀ ਅਪੀਲ 'ਤੇ ਵਾਜਬ ਫੈਸਲਾ ਕਰਨਾ ਹੈ। ਲਿਖਤੀ ਦਲੀਲਾਂ ਰਾਹੀਂ ਅਪੀਲ ਕਰਨ ਦਾ ਤਰੀਕਾ ਅਕਸਰ ਉਨ੍ਹਾਂ ਅਪੀਲਾਂ ਲਈ ਢੁਕਵਾਂ ਹੁੰਦਾ ਹੈ ਜਿਹੜੀਆਂ ਡਾਕਟਰੀ, ਕਾਨੂੰਨੀ, ਜਾਂ ਪਾਲਸੀ ਨਾਲ ਸੰਬੰਧਿਤ ਮੁੱਦਿਆਂ ਬਾਰੇ ਹੁੰਦੀਆਂ ਹਨ।

ਡਬਲਯੂ ਸੀ ਏ ਟੀ ਕੋਲ ਅਪੀਲ ਕਿਉਂਕਿ ਤੁਹਾਡੇ ਲਈ ਅਪੀਲ ਦਾ ਆਖਰੀ ਮੌਕਾ ਹੈ, ਆਪਣੇ ਆਪ ਨੂੰ ਪੂਰੀ ਤਰ੍ਹਾਂ ਤਿਆਰ ਕਰਨਾ ਇਕ ਚੰਗੀ ਗੱਲ ਹੈ। ਇਹ ਗਾਈਡ ਤੁਹਾਨੂੰ ਦੱਸਦੀ ਹੈ ਕਿ ਅਜਿਹਾ ਕਿਵੇਂ ਕਰਨਾ ਹੈ।

***ਨੋਟ: ਅਸੀਂ ਕਿਸੇ ਵੀ ਉਸ ਮਸਲੇ ਜਾਂ ਸਵਾਲ ਬਾਰੇ ਫੈਸਲਾ ਨਹੀਂ ਕਰ ਸਕਦੇ ਜਿਹੜਾ ਵਰਕਸੇਫ ਬੀ ਸੀ ਜਾਂ ਰਿਵੀਊ ਡਿਵੀਜ਼ਨ ਦੇ ਫੈਸਲੇ ਵਿਚ ਸ਼ਾਮਲ ਨਹੀਂ ਸੀ। ਜੇ ਤੁਸੀਂ ਕਿਸੇ ਨਵੀਂ ਚੀਜ਼ ਬਾਰੇ ਫੈਸਲਾ ਚਾਹੁੰਦੇ ਹੋ ਤਾਂ ਤੁਹਾਨੂੰ ਇਸ ਲਈ ਵਰਕਸੇਫ ਬੀ ਸੀ ਨੂੰ ਕਹਿਣਾ ਪਵੇਗਾ।***

## ਲਿਖਤੀ ਦਲੀਲਾਂ ਦੇਣ ਦਾ ਮੰਤਵ ਕੀ ਹੈ?

ਆਪਣੀਆਂ ਲਿਖਤੀ ਦਲੀਲਾਂ ਦੇਣ ਦਾ ਮੰਤਵ ਡਬਲਯੂ ਸੀ ਏ ਟੀ ਨੂੰ ਇਹ ਦਿਖਾਉਣਾ ਹੁੰਦਾ ਹੈ ਕਿ ਉਹ ਸਬੂਤਾਂ ਨੂੰ ਇਸ ਤਰੀਕੇ ਨਾਲ ਦੇਖੇ ਜਿਹੜਾ ਅਪੀਲ ਬਾਰੇ ਤੁਹਾਡੀ ਸਥਿਤੀ ਦੇ ਹੱਕ ਵਿਚ ਜਾਂਦਾ ਹੋਵੇ। ਇਸ ਨੂੰ ਤੁਹਾਡੀ ਆਰਗੂਮੈਂਟ (ਦਲੀਲ) ਆਖਿਆ ਜਾਂਦਾ ਹੈ। ਆਪਣੀਆਂ ਲਿਖਤੀ ਦਲੀਲਾਂ ਵਿਚ ਆਪਣੀ ਦਲੀਲ ਦੇਣ ਵੇਲੇ ਆਪਣੇ ਸਬੂਤਾਂ ਦਾ ਹਵਾਲਾ ਦਿਉ। ਜੇ ਤੁਸੀਂ ਚਾਹੋ ਤਾਂ ਤੁਸੀਂ ਆਪਣੇ ਵਿਚਾਰ ਨੁਕਤਿਆਂ ਦੇ ਰੂਪ (ਪੋਆਇੰਟ ਫਾਰਮ) ਵਿਚ ਦੇ ਸਕਦੇ ਹੋ। ਆਪਣੇ ਨੁਕਤਿਆਂ (ਪੋਆਇੰਟਾਂ) ਨੂੰ ਵੱਧ ਤੋਂ ਵੱਧ ਸਪਸ਼ਟ ਰੱਖਣ ਦੀ ਕੋਸ਼ਿਸ਼ ਕਰੋ।

ਅਪੀਲ ਦਾ ਫੈਸਲਾ ਹੋਣ ਤੋਂ ਪਹਿਲਾਂ ਤੁਹਾਡੇ ਲਈ ਸਾਰੀਆਂ ਦਲੀਲਾਂ ਅਤੇ ਸਬੂਤ ਦਰਜ ਕਰਵਾਉਣਾ ਜ਼ਰੂਰੀ ਹੈ।

## ਮੇਰੇ ਕੋਲ ਆਪਣੀਆਂ ਲਿਖਤੀ ਦਲੀਲਾਂ ਤਿਆਰ ਕਰਨ ਲਈ ਕਿੰਨਾ ਸਮਾਂ ਹੈ?

ਵਰਕਸੇਫ ਬੀ ਸੀ ਵਲੋਂ ਤੁਹਾਨੂੰ ਫਾਇਲ ਦੀ ਡਿਸਕਲੋਜ਼ਰ ਭੇਜ ਦੇਣ ਤੋਂ ਬਾਅਦ, ਅਸੀਂ ਪਹਿਲਾਂ ਅਪੀਲਕਰਤਾ ਤੋਂ ਉਸ ਦੇ ਲਿਖਤੀ ਸਬੂਤਾਂ ਅਤੇ ਦਲੀਲਾਂ ਦੀ ਮੰਗ ਕਰਾਂਗੇ, ਜਿਹੜੇ ਕਿ ਸਾਨੂੰ **21 ਦਿਨਾਂ** ਦੇ ਵਿਚ ਵਿਚ ਮਿਲਣੇ ਜ਼ਰੂਰੀ ਹਨ। ਜੇ ਤੁਹਾਡੀ ਸਾਮੱਗਰੀ ਅੰਗਰੇਜ਼ੀ ਵਿਚ ਨਹੀਂ ਹੈ ਤਾਂ ਕਿਰਪਾ ਕਰਕੇ ਇਹ ਸਾਨੂੰ ਭੇਜਣ ਤੋਂ ਪਹਿਲਾਂ ਆਪਣੇ ਲਿਖਤੀ ਸਬੂਤਾਂ ਅਤੇ ਦਲੀਲਾਂ ਦਾ ਅਨੁਵਾਦ ਕਰਵਾਉ ਕਿਉਂਕਿ ਅਸੀਂ ਪੇਪਰਾਂ ਦਾ ਅਨੁਵਾਦ ਨਹੀਂ ਕਰਦੇ।

ਜੇ ਤੁਹਾਨੂੰ ਹੋਰ ਸਮੇਂ ਦੀ ਲੋੜ ਹੋਵੇ ਤਾਂ ਤੁਸੀਂ **45 ਹੋਰ** ਦਿਨਾਂ ਤੱਕ ਦਾ ਸਮਾਂ ਮੰਗ ਸਕਦੇ ਹੋ। ਜੇ ਤੁਸੀਂ ਹੋਰ ਸਮੇਂ ਦੀ ਮੰਗ ਕਰਨਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਸਾਨੂੰ ਲਿਖ ਕੇ ਦੱਸੋ ਕਿ ਤੁਸੀਂ ਅਜਿਹਾ ਕਿਉਂ ਚਾਹੁੰਦੇ ਹੋ। ਜੇ ਅਸੀਂ ਅਪੀਲਕਰਤਾ ਨੂੰ ਹੋਰ ਸਮਾਂ ਦਿੰਦੇ ਹਾਂ ਤਾਂ ਉੱਤਰਦਾਇਕ ਨੂੰ ਵੀ ਇਹ ਸਮਾਂ ਮਿਲ ਸਕਦਾ ਹੈ।

ਅਸੀਂ ਅਪੀਲਕਰਤਾ ਦੇ ਸਬੂਤ ਅਤੇ ਦਲੀਲਾਂ ਹਿੱਸਾ ਲੈਣ ਵਾਲੇ ਹਰ ਉੱਤਰਦਾਇਕ ਨੂੰ ਭੇਜਾਂਗੇ ਅਤੇ ਉੱਤਰ ਦੇਣ ਲਈ ਉਨ੍ਹਾਂ ਨੂੰ **21 ਦਿਨ** ਦੇਵਾਂਗੇ। ਜੇ ਉਹ ਜਵਾਬ ਦਿੰਦੇ ਹਨ ਤਾਂ ਅਸੀਂ ਅਪੀਲਕਰਤਾ ਨੂੰ ਉਨ੍ਹਾਂ ਦੀ ਜਾਣਕਾਰੀ ਭੇਜਾਂਗੇ। ਫਿਰ ਉਨ੍ਹਾਂ ਦੀਆਂ ਦਲੀਲਾਂ ਦਾ ਜਵਾਬ ਦੇਣ ਲਈ ਤੁਹਾਡੇ ਕੋਲ **14 ਦਿਨ** ਹੋਣਗੇ।

## ਜੇ ਮੇਰੇ ਕੋਲ ਕੁਝ ਹੋਰ ਦਰਜ ਕਰਵਾਉਣ ਵਾਲਾ ਨਾ ਹੋਵੇ ਤਾਂ ਕੀ ਹੋਵੇਗਾ?

ਜੇ ਤੁਸੀਂ ਅਪੀਲਕਰਤਾ ਹੋ ਤਾਂ ਨੋਟਿਸ ਆਫ ਅਪੀਲ ਤੋਂ ਬਾਅਦ ਤੁਹਾਨੂੰ ਸਾਨੂੰ ਕੋਈ ਹੋਰ ਚੀਜ਼ ਭੇਜਣ ਦੀ ਲੋੜ ਨਹੀਂ ਹੈ। ਇਸ ਹਾਲਤ ਵਿਚ, ਤੁਹਾਡਾ ਫੈਸਲਾ ਤੇਜ਼ੀ ਨਾਲ ਹੋ ਸਕਦਾ ਹੈ ਜੇ ਤੁਸੀਂ ਸਾਨੂੰ ਫੋਨ ਕਰਕੇ ਦੱਸ ਦੇਵੋ ਕਿ ਤੁਸੀਂ ਕੋਈ ਹੋਰ ਚੀਜ਼ ਨਹੀਂ ਭੇਜ ਰਹੇ। ਜੇ ਸਾਨੂੰ **21 ਦਿਨਾਂ** ਦੀ ਅੰਤਿਮ ਸੀਮਾ ਤੱਕ ਕੋਈ ਹੋਰ ਸਬੂਤ ਅਤੇ ਦਲੀਲਾਂ ਨਾ ਮਿਲਣ ਤਾਂ ਅਸੀਂ ਆਮ ਤੌਰ 'ਤੇ ਤੁਹਾਡੇ ਤੋਂ ਹੋਰ ਕੋਈ ਵੀ ਚੀਜ਼ ਪ੍ਰਵਾਨ ਨਹੀਂ ਕਰਾਂਗੇ। ਅਸੀਂ ਤੁਹਾਡੇ ਨੋਟਿਸ ਆਫ ਅਪੀਲ ਨੂੰ ਤੁਹਾਡੀਆਂ ਸੰਪੂਰਨ ਦਲੀਲਾਂ ਸਮਝਾਂਗੇ।

ਜੇ ਉੱਤਰਦਾਇਕ ਹੋਰ ਸਬੂਤ ਅਤੇ ਦਲੀਲਾਂ ਭੇਜਦਾ ਹੈ ਤਾਂ ਉੱਤਰ ਲਈ ਡਬਲਯੂ ਸੀ ਏ ਟੀ ਇਹ ਅਪੀਲਕਰਤਾ ਨੂੰ ਭੇਜੇਗਾ।

## ਜੇ ਮੇਰੇ ਲਿਖਤੀ ਸਬੂਤ ਜਾਂ ਦਲੀਲਾਂ ਲੇਟ ਹੋ ਜਾਣ ਤਾਂ ਕੀ ਹੋਵੇਗਾ?

ਜੇ ਤੁਸੀਂ ਇਨ੍ਹਾਂ ਨੂੰ ਭੇਜਣ ਤੋਂ ਪਹਿਲਾਂ ਹੋਰ ਸਮਾਂ ਨਹੀਂ ਮੰਗਿਆ ਅਤੇ ਅਸੀਂ ਇਸ ਲਈ ਸਹਿਮਤ ਨਹੀਂ ਹੋ ਗਏ ਤਾਂ ਆਮ ਤੌਰ ’ਤੇ ਅਸੀਂ ਲੇਟ ਲਿਖਤੀ ਸਬੂਤ ਜਾਂ ਦਲੀਲਾਂ ਪ੍ਰਵਾਨ ਨਹੀਂ ਕਰਾਂਗੇ।

## ਵਾਈਸ ਚੇਅਰ ਅਪੀਲ ਲਈ ਤਿਆਰੀ ਕਿਵੇਂ ਕਰੇਗਾ

ਵਾਈਸ ਚੇਅਰ ਵਰਕਸੇਫ ਬੀ ਸੀ ਦੀ ਫਾਇਲ ਪੜ੍ਹੇਗਾ ਅਤੇ ਕੇਸ ’ਤੇ ਲਾਗੂ ਹੋਣ ਵਾਲੀਆਂ ਵਰਕਸੇਫ ਬੀ ਸੀ ਦੀਆਂ ਪਾਲਸੀਆਂ, ਇਹੋ ਜਿਹੇ ਮਸਲਿਆਂ ਬਾਰੇ ਡਬਲਯੂ ਸੀ ਏ ਟੀ ਦੇ ਹੋਰ ਫੈਸਲਿਆਂ, ਅਤੇ ਡਬਲਯੂ ਸੀ ਏ ਟੀ ਦੇ ਨਿਯਮਾਂ, ਪ੍ਰੈਕਟਿਸਾਂ ਅਤੇ ਕਾਰਵਾਈਆਂ ਬਾਰੇ ਜਾਣਦਾ ਹੋਵੇਗਾ। ਜੇ ਤੁਸੀਂ ਲਿਖਤੀ ਦਲੀਲਾਂ ਤਿਆਰ ਕਰਨਾ ਚਾਹੁੰਦੇ ਹੋ ਤਾਂ ਤੁਸੀਂ ਇਹ ਕੁਝ ਹੋਰ ਚੀਜ਼ਾਂ ਕਰ ਸਕਦੇ ਹੋ।

## ਆਪਣੀਆਂ ਲਿਖਤੀ ਦਲੀਲਾਂ ਤਿਆਰ ਕਰਨ ਲਈ ਅਸੀਂ ਤੁਹਾਨੂੰ ਕੀ ਸੁਝਾਅ ਦਿੰਦੇ ਹਾਂ

### *ਫਾਇਲ ਨੂੰ ਪੜ੍ਹੋ*

ਤੁਹਾਨੂੰ ਪਹਿਲਾਂ ਵਰਕਸੇਫ ਬੀ ਸੀ ਦੀ ਫਾਇਲ ਵਿਚਲੀ ਸਾਰੀ ਸਾਮੱਗਰੀ ਪੜ੍ਹਨੀ ਚਾਹੀਦੀ ਹੈ। ਫਿਰ ਤੁਹਾਨੂੰ ਇਹ ਪਤਾ ਲੱਗੇਗਾ ਕਿ ਅਪੀਲ ਵਾਲਾ ਫੈਸਲਾ ਕਰਨ ਲਈ ਵਰਕਸੇਫ ਬੀ ਸੀ ਜਾਂ ਰਿਵੀਊ ਡਿਵੀਜ਼ਨ ਨੇ ਕਿਹੜੇ ਸਬੂਤਾਂ ਅਤੇ ਨੀਤੀਆਂ ਉੱਪਰ ਨਿਰਭਰ ਕੀਤਾ ਹੈ। ਫਿਰ ਤੁਸੀਂ ਇਹ ਫੈਸਲਾ ਕਰ ਸਕਦੇ ਹੋ ਕਿ ਤੁਸੀਂ ਲਿਖਤੀ ਦਲੀਲਾਂ ਵਿਚ ਉਹ ਕਿਹੜੇ ਨਵੇਂ ਸਬੂਤ ਦੇਣੇ ਹਨ ਜਿਹੜੇ ਤੁਸੀਂ ਪਹਿਲੇ ਪੜਾ ’ਤੇ ਨਹੀਂ ਦਿੱਤੇ ਸਨ।

ਤੁਹਾਨੂੰ ਆਪਣੀ ਵਰਕਸੇਫ ਬੀ ਸੀ ਦੀ ਫਾਇਲ ਵਿੱਚੋਂ ਕੋਈ ਵੀ ਸਾਮੱਗਰੀ ਸਾਨੂੰ ਭੇਜਣ ਦੀ ਲੋੜ ਨਹੀਂ ਹੈ ਕਿਉਂਕਿ ਸਾਡੇ ਕੋਲ ਪਹਿਲਾਂ ਹੀ ਇਸ ਦੀ ਕਾਪੀ ਹੈ।

### *ਆਪਣੇ ਸਬੂਤ ਇਕੱਠੇ ਕਰੋ*

ਅਸੀਂ ਪੇਪਰਾਂ ਦਾ ਅਨੁਵਾਦ ਨਹੀਂ ਕਰਦੇ। ਜੇ ਤੁਹਾਡੇ ਵਲੋਂ ਇਕੱਠੇ ਕੀਤੇ ਗਏ ਸਬੂਤ ਅੰਗਰੇਜ਼ੀ ਵਿਚ ਨਹੀਂ ਹਨ ਤਾਂ ਕਿਰਪਾ ਕਰਕੇ ਇਨ੍ਹਾਂ ਨੂੰ ਭੇਜਣ ਤੋਂ ਪਹਿਲਾਂ ਇਨ੍ਹਾਂ ਦਾ ਅਨੁਵਾਦ ਕਰਵਾ ਕੇ ਇਨ੍ਹਾਂ ਨੂੰ ਅਨੁਵਾਦਕ ਦੇ ਦਸਤਖਤਾਂ ਵਾਲੀ ਡੈਕਲਾਰੇਸ਼ਨ ਨਾਲ ਭੇਜੋ। ਤੁਸੀਂ ਕਿਸੇ ਦੋਸਤ ਜਾਂ ਰਿਸ਼ਤੇਦਾਰ ਨੂੰ ਅਨੁਵਾਦਕ ਦੇ ਤੌਰ ’ਤੇ ਨਹੀਂ ਵਰਤ ਸਕਦੇ। ਜੇ ਤੁਹਾਨੂੰ ਅਨੁਵਾਦ ਦਾ ਖਰਚਾ ਦੇਣਾ ਪੈਣਾ ਹੈ ਤਾਂ ਤੁਸੀਂ ਸਾਨੂੰ ਵਰਕਸੇਫ ਬੀ ਸੀ ਨੂੰ ਇਹ ਆਰਡਰ ਕਰਨ ਲਈ ਕਹਿ ਸਕਦੇ ਹੋ ਕਿ ਉਹ ਤੁਹਾਨੂੰ ਇਹ ਪੈਸੇ ਵਾਪਸ ਦੇਣ। ਅਪੀਲ ਦੇ ਖਰਚਿਆਂ ਬਾਰੇ ਹੋਰ ਜਾਣਕਾਰੀ ਲਈ, ਇਸ ਗਾਈਡ ਦੇ ਸਫਾ 7 ’ਤੇ *ਅਪੀਲ ਦੇ ਕਿਹੜੇ ਖਰਚੇ ਦੇਣ ਲਈ ਡਬਲਯੂ ਸੀ ਏ ਟੀ, ਵਰਕਸੇਫ ਬੀ ਸੀ ਨੂੰ ਆਰਡਰ ਕਰੇਗਾ?* ਦੇਖੋ।

ਤੁਹਾਡੇ ਸਬੂਤਾਂ ਵਿਚ ਗਵਾਹਾਂ ਦੇ ਬਿਆਨ, ਡਾਕਟਰੀ ਰਿਪੋਰਟਾਂ, ਵਿੱਤੀ ਰਿਕਾਰਡ, ਜਾਂ ਮਾਹਰਾਂ ਦੀ ਰਾਇ ਸ਼ਾਮਲ ਹੋ ਸਕਦੇ ਹਨ। ਇਸ ਵਿਚ ਫੋਟੋਆਂ, ਵੀਡਿਓਟੇਪਾਂ ਅਤੇ ਡਿਜ਼ੀਟਲ ਰਿਕਾਰਡਿੰਗਾਂ ਵੀ ਸ਼ਾਮਲ ਹੋ ਸਕਦੀਆਂ ਹਨ। ਜੇ ਤੁਸੀਂ ਫੋਟੋਆਂ ਭੇਜਣੀਆਂ ਹਨ ਤਾਂ ਇਨ੍ਹਾਂ ਦੇ ਪਿਛਲੇ ਪਾਸੇ ਇਹ ਲਿਖੋ ਕਿ ਇਹ ਕੀ ਦਿਖਾਉਂਦੀਆਂ ਹਨ।

ਉਹ ਸਾਰੇ ਸਬੂਤ ਸ਼ਾਮਲ ਕਰੋ ਜਿਹੜੇ ਫੈਸਲਾ ਕਰਨ ਵਿਚ ਵਾਈਸ ਚੇਅਰ ਦੀ ਮਦਦ ਕਰ ਸਕਦੇ ਹਨ ਅਤੇ ਇਨ੍ਹਾਂ ਨੂੰ ਇਕੱਠਿਆਂ ਅੰਤਿਮ ਹੱਦ ਤੱਕ ਆਪਣੀਆਂ ਲਿਖਤੀ ਦਲੀਲਾਂ ਨਾਲ ਭੇਜੋ।

ਡਾਕਟਰੀ ਸਬੂਤ ਹਾਸਲ ਕਰਨ ਬਾਰੇ ਜ਼ਿਆਦਾ ਜਾਣਕਾਰੀ ਲਈ, ਸਾਡੇ ਵੈੱਬਸਾਈਟ ’ਤੇ ਡਬਲਯੂ ਸੀ ਏ ਟੀ ਦੀ *ਡਾਕਟਰੀ ਸਬੂਤਾਂ ਬਾਰੇ ਗਾਈਡ* ਦੇਖੋ। ਤੁਸੀਂ ਸਾਨੂੰ ਫੋਨ ਕਰਕੇ ਵੀ ਇਹ ਗਾਈਡ ਮੰਗਵਾ ਸਕਦੇ ਹੋ।

### *ਚੰਗੀਆਂ ਲਿਖਤੀ ਦਲੀਲਾਂ ਕਿਵੇਂ ਦਿੱਤੀਆਂ ਜਾ ਸਕਦੀਆਂ ਹਨ?*

ਜੇ ਤੁਸੀਂ ਅਪੀਲਕਰਤਾ ਹੋ ਤਾਂ ਸੰਖੇਪ ਵਿਚ ਅਪੀਲ ਅਧੀਨ ਫੈਸਲੇ ਬਾਰੇ ਦੱਸਦੇ ਹੋਏ ਸ਼ੁਰੂ ਕਰੋ ਅਤੇ ਸਹੀ ਸਹੀ ਉਨ੍ਹਾਂ ਮੁੱਦਿਆਂ ਜਾਂ ਸਵਾਲਾਂ ਬਾਰੇ ਦੱਸੋ ਜਿਨ੍ਹਾਂ ’ਤੇ ਤੁਸੀਂ ਸਾਡੇ ਤੋਂ ਵਿਚਾਰ ਕਰਵਾਉਣੀ ਚਾਹੁੰਦੇ ਹੋ। ਸਾਫ ਸਾਫ ਦੱਸੋ ਕਿ ਤੁਸੀਂ ਅਪੀਲ ਤੋਂ ਕੀ ਚਾਹੁੰਦੇ ਹੋ (ਜਿਵੇਂ ਕਿ ਮੁਆਵਜ਼ੇ ਦੀ ਕੋਈ ਖਾਸ ਰਕਮ) ਅਤੇ ਸਾਨੂੰ ਤੁਹਾਡੇ ਹੱਕ ਵਿਚ ਫੈਸਲਾ ਕਿਉਂ ਕਰਨਾ ਚਾਹੀਦਾ ਹੈ।

ਚੰਗੀਆਂ ਲਿਖਤੀ ਦਲੀਲਾਂ ਅਪੀਲ ਵਿਚਲੇ ਮਹੱਤਵਪੂਰਨ ਸਬੂਤਾਂ ਬਾਰੇ ਦੱਸਦੀਆਂ ਹਨ। ਇਹ ਫੈਸਲਾ ਕਰਨ ਲਈ ਕਿ ਕੀ ਕੋਈ ਸਬੂਤ ਮਹੱਤਵਪੂਰਨ ਹੈ, ਆਪਣੇ ਆਪ ਨੂੰ ਇਹ ਪੁੱਛੋ ਕਿ ਕੀ ਇਹ ਕੋਈ ਖਾਸ ਤੱਥ ਸਾਬਤ ਕਰਨ ਲਈ ਤੁਹਾਡੀ ਮਦਦ ਕਰਦਾ ਹੈ।

ਆਪਣੀਆਂ ਲਿਖਤੀ ਦਲੀਲਾਂ ਨੂੰ ਤਾਰੀਖ ਮੁਤਾਬਕ ਲਿਖੋ ਤਾਂ ਜੋ ਅਸੀਂ ਕਿਸੇ ਚੀਜ਼ ਨੂੰ ਅਣਡਿੱਠ ਨਾ ਕਰ ਦਈਏ। ਸਾਨੂੰ ਦੱਸੋ ਕਿ ਹਰ ਸਬੂਤ ਕਿੱਥੇ ਦੇਖਣਾ ਹੈ। ਉਦਾਹਰਣ ਲਈ, ਕੀ ਇਹ ਵਰਕਸੇਫ ਬੀ ਸੀ ਦੀ ਫਾਇਲ ਵਿਚ ਹੈ ਜਾਂ ਉਸ ਨਵੇਂ ਸਬੂਤ ਵਿਚ ਹੈ ਜਿਹੜਾ ਤੁਸੀਂ ਸਾਨੂੰ ਆਪਣੀਆਂ ਲਿਖਤੀ ਦਲੀਲਾਂ ਨਾਲ ਦੇ ਰਹੇ ਹੋ? ਇਹ ਦੱਸੋ ਕਿ ਤੁਹਾਡੇ ਵਿਚਾਰ ਮੁਤਾਬਕ ਹਰ ਸਬੂਤ ਕਿਵੇਂ ਅਪੀਲ ਬਾਰੇ ਤੁਹਾਡੀ ਸਥਿਤੀ ਦੀ ਹਿਮਾਇਤ ਕਰਦਾ ਹੈ। ਉਦਾਹਰਣ ਲਈ, ਜੇ ਤੁਸੀਂ ਕਿਸੇ ਗਵਾਹ ਤੋਂ

ਕੋਈ ਨਵਾਂ ਬਿਆਨ ਲਿਆ ਹੈ ਜਿਹੜਾ ਤੁਹਾਡੀ ਅਪੀਲ ਦੀ ਹਿਮਾਇਤ ਕਰਦਾ ਹੈ ਤਾਂ ਸਾਨੂੰ ਦੱਸੋ ਕਿ ਇਹ ਕਿਹੜਾ ਹੈ ਅਤੇ ਇਹ ਤੁਹਾਡੀ ਸਥਿਤੀ ਦੀ ਹਿਮਾਇਤ ਕਿਵੇਂ ਕਰਦਾ ਹੈ।

ਚੰਗੀਆਂ ਲਿਖਤੀ ਦਲੀਲਾਂ, ਤੁਹਾਡੀ ਸਥਿਤੀ ਦੇ ਹੱਕ ਵਿਚਲੇ ਅਤੇ ਵਿਰੋਧ ਵਿਚਲੇ ਦੋਨਾਂ ਕਿਸਮਾਂ ਦੇ ਸਬੂਤਾਂ ਦੀ ਪਛਾਣ ਕਰਦੀਆਂ ਹਨ। ਇਸ ਨਾਲ ਇਹ ਪਤਾ ਲੱਗਦਾ ਹੈ ਕਿ ਤੁਸੀਂ ਆਪਣੇ ਕੇਸ ਦੀਆ ਮਜ਼ਬੂਤੀਆਂ ਅਤੇ ਕਮਜ਼ੋਰੀਆਂ ਨੂੰ ਸਮਝਦੇ ਹੋ। ਇਹ ਦੱਸੋ ਕਿ ਤੁਹਾਡੀ ਸਥਿਤੀ ਦੀ ਹਿਮਾਇਤ ਵਾਲੇ ਸਬੂਤ ਉਨ੍ਹਾਂ ਸਬੂਤਾਂ ਨਾਲੋਂ ਬਿਹਤਰ ਕਿਉਂ ਹਨ ਜਿਹੜੇ ਹਿਮਾਇਤ ਨਹੀਂ ਕਰਦੇ। ਉਦਾਹਰਣ ਲਈ, ਕਿਸੇ ਉਸ ਵਿਅਕਤੀ ਦੀ ਗਵਾਹੀ, ਜਿਸ ਨੇ ਕੋਈ ਚੀਜ਼ ਹੁੰਦੀ ਦੇਖੀ ਹੈ, ਉਸ ਵਿਅਕਤੀ ਦੀ ਗਵਾਹੀ ਨਾਲੋਂ ਬਿਹਤਰ ਹੈ, ਜਿਸ ਨੇ ਸਿਰਫ ਇਸ ਬਾਰੇ ਕਿਸੇ ਹੋਰ ਤੋਂ ਸੁਣਿਆ ਹੈ।

ਬਹੁਤ ਸਾਰੀਆਂ ਅਪੀਲਾਂ ਦਾ ਫੈਸਲਾ ਸਿਰਫ ਸਬੂਤਾਂ ਦੇ ਆਧਾਰ 'ਤੇ ਹੀ ਹੁੰਦਾ ਹੈ। ਕਦੇ ਕਦੇ, ਕਾਨੂੰਨੀ ਅਤੇ ਪਾਲਸੀ ਖਾਸ ਤੌਰ 'ਤੇ ਮਹੱਤਵਪੂਰਨ ਬਣ ਜਾਂਦੇ ਹਨ। ਉਸ ਕੇਸ ਵਿਚ, ਵਰਕਸੇਫ ਬੀ ਸੀ ਜਾਂ ਰਿਵੀਊ ਡਿਵੀਜ਼ਨ ਨੇ ਆਪਣੇ ਫੈਸਲੇ ਵਿਚ ਆਮ ਤੌਰ 'ਤੇ ਕਾਨੂੰਨੀ ਜਾਂ ਪਾਲਸੀ ਮੁੱਦਿਆਂ ਦੀ ਪਛਾਣ ਕੀਤੀ ਹੋਵੇਗੀ। ਆਪਣੀ ਲਿਖਤ ਵਿਚ, ਵਰਕਸੇਫ ਬੀ ਸੀ ਦੀਆਂ ਉਨ੍ਹਾਂ ਪਾਲਸੀਆਂ ਦਾ ਹਵਾਲਾ ਦਿਉ ਜਿਹੜੀਆਂ ਅਪੀਲ 'ਤੇ ਲਾਗੂ ਹੁੰਦੀਆਂ ਹਨ ਅਤੇ ਇਹ ਦੱਸੋ ਕਿ ਇਹ ਕਿਵੇਂ ਲਾਗੂ ਹੁੰਦੀਆਂ ਹਨ।

ਭਾਵੇਂ ਕਿ ਤੁਸੀਂ ਕੁਦਰਤੀ ਤੌਰ 'ਤੇ ਆਪਣੀ ਅਪੀਲ ਦੇ ਹਾਲਾਤਾਂ ਬਾਰੇ ਬਹੁਤ ਭਾਵੁਕ ਮਹਿਸੂਸ ਕਰੋਗੇ, ਪਰ ਜ਼ਿਆਦਾ ਜਜ਼ਬਾਤੀ ਲਫਜ਼ਾਂ ਤੋਂ ਪਰਹੇਜ਼ ਕਰਨਾ ਇਕ ਚੰਗਾ ਖਿਆਲ ਹੈ, ਜਿਵੇਂ ਕਿ ਦੂਜੇ ਵਿਅਕਤੀ ਦੇ ਦ੍ਰਿਸ਼ਟੀਕੋਣ ਬਾਰੇ ਕੋਈ ਚੁਭਣ ਵਾਲੀ ਗੱਲ ਕਰਨਾ। ਸਾਫ ਅੰਦਾਜ਼ ਸਭ ਤੋਂ ਜ਼ਿਆਦਾ ਅਸਰਦਾਰ ਹੈ।

ਅਮਲੀ ਤੌਰ 'ਤੇ ਕੁਝ "ਨਾ ਕਰਨ ਵਾਲੀਆਂ ਚੀਜ਼ਾਂ":

- ਆਪਣੇ ਲਿਖਤੀ ਵਿਚਾਰਾਂ ਵਿਚ ਦੂਜੇ ਲੋਕਾਂ ਦੇ ਨਾਂ ਜਾਂ ਕਲੇਮ ਨੰਬਰ ਨਾ ਵਰਤੋ। ਇਹ ਉਨ੍ਹਾਂ ਦੀ ਭੇਤਦਾਰੀ ਦੀ ਉਲੰਘਣਾ ਹੈ।
- ਆਪਣੇ ਲਿਖਤੀ ਵਿਚਾਰਾਂ ਵਿਚ ਕਿਸੇ ਨੁਕਤੇ 'ਤੇ ਜ਼ੋਰ ਦੇਣ ਲਈ ਹਾਈਲਾਈਟਰ ਪੈੱਨ ਨਾ ਵਰਤੋ ਕਿਉਂਕਿ ਇਹ ਵਰਕਸੇਫ ਬੀ ਸੀ ਦੀ ਇਲੈਕਟਰੌਨਿਕ ਫਾਇਲ ਵਿਚ ਦਿਖਾਈ ਨਹੀਂ ਦੇਵੇਗਾ। ਇਸ ਦੀ ਬਜਾਏ, ਜਿਸ ਨੁਕਤੇ 'ਤੇ ਤੁਸੀਂ ਜ਼ੋਰ ਦੇਣਾ ਚਾਹੁੰਦੇ ਹੋ ਉਸ ਦੇ ਹੇਠਾਂ ਲਕੀਰ ਖਿੱਚੋ।
- ਸਾਨੂੰ ਵਰਕਸੇਫ ਬੀ ਸੀ ਦੀ ਫਾਇਲ ਵਿੱਚੋਂ ਕੋਈ ਵੀ ਸਾਮੱਗਰੀ ਨਾ ਭੇਜੋ। ਸਾਡੇ ਕੋਲ ਇਸ ਦੀ ਪਹਿਲਾਂ ਹੀ ਕਾਪੀ ਹੈ।

### *ਆਪਣੀ ਅਪੀਲ ਵਰਗੀਆਂ ਅਪੀਲਾਂ 'ਤੇ ਸਾਡੇ ਧਿਆਨ ਰੱਖਣ ਯੋਗ ਫੈਸਲੇ ਪੜ੍ਹੋ*

ਤੁਸੀਂ ਆਪਣੇ ਵਰਗੇ ਮਾਮਲਿਆਂ ਦੇ ਸਬੰਧ ਵਿਚ ਡਬਲਯੂ ਸੀ ਏ ਟੀ ਵਲੋਂ ਕੀਤੇ ਗਏ ਫੈਸਲਿਆਂ ਨੂੰ ਦੇਖ ਕੇ ਇਹ ਸਿੱਖ ਸਕਦੇ ਹੋ ਕਿ ਆਪਣੀ ਸਥਿਤੀ ਲਈ ਸਭ ਤੋਂ ਬਿਹਤਰ ਕੇਸ ਕਿਵੇਂ ਪੇਸ਼ ਕਰਨਾ ਹੈ। ਤੁਹਾਨੂੰ ਇਹ ਫੈਸਲੇ ਸਾਡੇ ਵੈੱਬਸਾਈਟ 'ਤੇ ***ਪ੍ਰੀਪੇਰਿੰਗ ਐਨ ਅਪੀਲ*** ਟੈਬ ਥੱਲੇ ਮਿਲਣਗੇ। ਤੁਸੀਂ ਫਿਰ ਉਨ੍ਹਾਂ ਪਾਲਸੀਆਂ ਦਾ ਹਵਾਲਾ ਦੇ ਸਕਦੇ ਹੋ ਜਿਹੜੀਆਂ ਲਾਗੂ ਹੁੰਦੀਆਂ ਹਨ ਅਤੇ ਸ਼ਾਇਦ ਤੁਹਾਡੀ ਅਪੀਲ ਦੀ ਹਿਮਾਇਤ ਕਰਦੀਆਂ ਹਨ।

### *ਵਰਕਸੇਫ ਬੀ ਸੀ ਦੀਆਂ ਪਾਲਸੀਆਂ ਪੜ੍ਹੋ*

ਤੁਸੀਂ ਵਰਕਸੇਫ ਬੀ ਸੀ ਦਾ *ਰੀਹੈਬਲੀਟੇਸ਼ਨ ਸਰਵਿਸਿਜ਼ ਐਂਡ ਕਲੇਮਜ਼ ਮੈਨੂਅਲ* ਪੜ੍ਹ ਕੇ ਇਹ ਪਤਾ ਲਾ ਸਕਦੇ ਹੋ ਕਿ ਵਰਕਸੇਫ ਬੀ ਸੀ ਦੀਆਂ ਕਿਹੜੀਆਂ ਪਾਲਸੀਆਂ ਤੁਹਾਡੇ ਕੇਸ 'ਤੇ ਲਾਗੂ ਹੁੰਦੀਆਂ ਹਨ (ਮੁਆਵਜ਼ੇ ਦੀਆਂ ਅਪੀਲਾਂ ਲਈ)। ਇਹ ਮੈਨੂਅਲ www.worksafebc.com ਵੈੱਬਸਾਈਟ 'ਤੇ ***ਰੈਗੂਲੇਸ਼ਨ ਐਂਡ ਪਾਲਸੀ*** ਟੈਬ ਥੱਲੇ ਹੈ।

ਤੁਸੀਂ ਆਪਣਾ ਕੇਸ ਪੇਸ਼ ਕਰਨ ਲਈ ਵਰਕਸੇਫ ਬੀ ਸੀ ਦੇ ਗੈਰ-ਲਾਜ਼ਮੀ (ਨਾਨ-ਬਾਈਂਡਿੰਗ) ਪ੍ਰੈਕਟਿਸ ਡਾਇਰੈਕਟਿਵਜ਼ (ਆਦੇਸ਼) ਵੀ ਵਰਤ ਸਕਦੇ ਹੋ। www.worksafebc.com ਵੈੱਬਸਾਈਟ 'ਤੇ ***ਰੈਗੂਲੇਸ਼ਨ*** ਐਂਡ ***ਪਾਲਸੀ*** ਟੈਬ ਥੱਲੇ ਦੇਖੋ।

## ਕੀ ਡਬਲਯੂ ਸੀ ਏ ਟੀ ਹੋਰ ਸਬੂਤ ਲੈ ਸਕਦਾ ਹੈ?

ਸਾਨੂੰ ਰੁਜ਼ਗਾਰ, ਆਮਦਨ, ਅਤੇ ਡਾਕਟਰੀ ਰਿਕਾਰਡਾਂ ਵਰਗੀ ਜਾਣਕਾਰੀ ਇਕੱਤਰ ਕਰਨ ਦਾ ਹੱਕ ਹੈ। ਅਸੀਂ ਵਰਕਸੇਫ ਬੀ ਸੀ ਨੂੰ ਮਾਮਲਿਆਂ ਦੀ ਪੜਤਾਲ ਕਰਨ ਲਈ ਵੀ ਕਹਿ ਸਕਦੇ ਹਾਂ ਜਿਸ ਵਿਚ ਅਰਗੋਨੌਮਿਕ (ਸਾਜ਼-ਸਾਮਾਨ ਨੂੰ ਨਵੀਂ ਤਰਤੀਬ ਦੇਣ) ਅਤੇ ਰੁਜ਼ਗਾਰ 'ਤੇ ਲੱਗਣ ਬਾਰੇ ਅਨੁਮਾਨ ਲਾਉਣੇ ਵੀ ਸ਼ਾਮਲ ਹਨ।

ਅਸੀਂ ਅਪੀਲ ਨਾਲ ਸੰਬੰਧਿਤ ਪਹਿਲਾਂ ਹੀ ਮੌਜੂਦ ਦਸਤਾਵੇਜ਼ ਪੇਸ਼ ਕਰਨ ਦਾ ਆਰਡਰ ਵੀ ਦੇ ਸਕਦੇ ਹਾਂ ਜੇ ਕੋਈ ਵਿਅਕਤੀ ਉਹ ਦੇਣ ਦਾ ਖਾਹਸ਼ਮੰਦ ਨਾ ਹੋਵੇ ਅਤੇ ਸਬੂਤ ਟੈੱਸਟ ਕਰਨ ਦਾ ਕੋਈ ਹੋਰ ਤਰੀਕਾ ਨਾ ਹੋਵੇ। ਆਰਡਰਾਂ ਬਾਰੇ ਹੋਰ ਜਾਣਕਾਰੀ ਲੈਣ ਲਈ ਸਾਡੇ ਵੈੱਬਸਾਈਟ 'ਤੇ ***ਐੱਮ ਆਰ ਪੀ ਪੀ*** ਟੈਬ ਅਧੀਨ *ਮੈਨੂਅਲ ਆਫ ਰੂਲਜ਼ ਆਫ ਪ੍ਰੈਕਟਿਸ ਐਂਡ ਪ੍ਰੋਸੀਜ਼ਰ* ਵਿਚ ਆਈਟਮ ਨੰਬਰ 11. 7 ਦੇਖੋ।

ਅਸੀਂ ਵਰਕਰ ਦੇ ਡਾਕਟਰ ਤੋਂ ਵੀ ਜਾਣਕਾਰੀ ਜਾਂ ਰਾਇ ਮੰਗ ਸਕਦੇ ਹਾਂ। ਅਸੀਂ ਕਿਸੇ ਉਸ ਡਾਕਟਰ ਜਾਂ ਸਿਹਤ ਮਾਹਰ ਦੀ

ਨਿਰਪੱਖ ਡਾਕਟਰੀ ਸਲਾਹ ਜਾਂ ਸਹਾਇਤਾ ਮੰਗ ਸਕਦੇ ਹਾਂ ਜੋ ਵਰਕਸੇਫ ਬੀ ਸੀ ਦਾ ਮੁਲਾਜ਼ਮ ਨਹੀਂ ਹੈ। ਡਾਕਟਰ ਜਾਂ ਹੋਰ ਸਿਹਤ ਮਾਹਰ ਵਰਕਰ ਨੂੰ ਜਾਂਚ ਕਰਵਾਉਣ ਲਈ ਕਹਿ ਸਕਦਾ ਹੈ।

ਜੇ ਵਾਈਸ ਚੇਅਰ ਕੋਈ ਵੀ ਵਾਧੂ ਸਬੂਤ ਲੈਂਦਾ ਹੈ ਤਾਂ ਅਸੀਂ ਟਿੱਪਣੀ ਲਈ ਇਸ ਦੀ ਕਾਪੀ ਅਪੀਲਕਰਤਾ ਅਤੇ ਹਿੱਸਾ ਲੈ ਰਹੇ ਉੱਤਰਦਾਇਕ ਨੂੰ ਭੇਜਾਂਗੇ।

ਭਾਵੇਂ ਕਿ ਸਾਨੂੰ ਵਾਧੂ ਜਾਣਕਾਰੀ ਲੈਣ ਦਾ ਹੱਕ ਹੈ, ਕਿਰਪਾ ਕਰਕੇ ਇਹ ਨਾ ਮਿੱਥ ਲਵੋ ਕਿ ਵਾਈਸ ਚੇਅਰ ਅਗਾਂਹ ਹੋਰ ਪੜਤਾਲ ਕਰੇਗਾ।

## ਅਪੀਲ ਦੇ ਕਿਹੜੇ ਖਰਚੇ ਦੇਣ ਲਈ ਡਬਲਯੂ ਸੀ ਏ ਟੀ, ਵਰਕਸੇਫ ਬੀ ਸੀ ਨੂੰ ਆਰਡਰ ਕਰੇਗਾ?

ਅਸੀਂ ਵਰਕਸੇਫ ਬੀ ਸੀ ਨੂੰ ਇਹ ਆਰਡਰ ਕਰ ਸਕਦੇ ਹਾਂ ਕਿ ਉਹ ਅਪੀਲ ਨਾਲ ਸੰਬੰਧਿਤ ਤੁਹਾਡੇ ਖਰਚੇ ਤੁਹਾਨੂੰ ਵਾਪਸ ਦੇਵੇ, ਜਿਵੇਂ ਕਿ ਡਾਕਟਰ ਤੋਂ ਚਿੱਠੀ ਜਾਂ ਰਿਪੋਰਟ ਲੈਣ, ਨਵੇਂ ਲਿਖਤੀ ਸਬੂਤ ਲੈਣ, ਜਾਂ ਕਿਸੇ ਪੇਪਰ ਦਾ ਅੰਗਰੇਜ਼ੀ ਵਿਚ ਅਨੁਵਾਦ ਕਰਵਾਉਣ ਦੇ ਖਰਚੇ।

ਜੇ ਤੁਹਾਡੇ ਅਜਿਹੇ ਖਰਚੇ ਹੋਏ ਹਨ ਤਾਂ ਆਪਣੀਆਂ ਲਿਖਤੀ ਦਲੀਲਾਂ ਦੇ ਨਾਲ ਬਿੱਲਾਂ ਦੀਆਂ ਕਾਪੀਆਂ ਭੇਜੋ।

ਭਾਵੇਂ ਤੁਸੀਂ ਅਪੀਲ ਵਿਚ ਕਾਮਯਾਬ ਨਾ ਵੀ ਹੋਵੋ, ਅਸੀਂ ਆਮ ਤੌਰ ’ਤੇ ਵਰਕਸੇਫ ਬੀ ਸੀ ਨੂੰ ਇਹ ਆਰਡਰ ਕਰਾਂਗੇ ਕਿ ਉਹ ਲਿਖਤੀ ਸਬੂਤ (ਜਿਵੇਂ ਕਿ ਡਾਕਟਰੀ ਰਿਪੋਰਟ) ਲੈਣ ਲਈ ਤੁਹਾਡੇ ਵਲੋਂ ਕੀਤੇ ਗਏ ਖਰਚੇ ਤੁਹਾਨੂੰ ਵਾਪਸ ਕਰੇ, ਜੇ ਸਬੂਤ ਫਾਇਦੇਮੰਦ ਸਨ ਜਾਂ ਅਪੀਲ ਦਾ ਫੈਸਲਾ ਕਰਨ ਵਿਚ ਮਦਦ ਕਰਨ ਵਾਲੇ ਸਨ, ਜਾਂ ਤੁਹਾਡੇ ਵਲੋਂ ਅਪੀਲ ਲਈ ਸਬੂਤ ਲੈਣਾ ਵਾਜਬ ਸੀ। ਵਾਪਸ ਕਰਨ ਯੋਗ ਪੈਸਿਆਂ ਦੀ ਰਕਮ ਉੱਪਰ ਅਸੀਂ ਹੱਦਾਂ ਲਾਗੂ ਕਰਦੇ ਹਾਂ, ਜਿਸ ਬਾਰੇ ਤੁਸੀਂ ਸਾਡੇ ਵੈੱਬਸਾਈਟ ’ਤੇ ***ਐੱਮ ਆਰ ਪੀ ਪੀ*** ਟੈਬ ਹੇਠ *ਮੈਨੂਅਲ ਆਫ ਰੂਲਜ਼ ਆਫ ਪ੍ਰੈਕਟਿਸ ਐਂਡ ਪ੍ਰੋਸੀਜ਼ਰ* ਵਿਚ ਅਤੇ ***ਅਪੀਲ ਐਕਸਪੈਂਸਿਜ਼*** ਟੈਬ ਹੇਠ ਦੇਖ ਸਕਦੇ ਹੋ। ਜੇ ਤੁਹਾਡਾ ਬਿੱਲ ਜ਼ਿਆਦਾ ਹੋਵੇ ਅਤੇ ਤੁਸੀਂ ਆਪਣੇ ਸਾਰੇ ਖਰਚੇ ਵਾਪਸ ਲੈਣਾ ਚਾਹੁੰਦੇ ਹੋਵੋ ਤਾਂ ਕਿਰਪਾ ਕਰਕੇ ਉਨ੍ਹਾਂ ਕਾਰਨਾਂ ਬਾਰੇ ਦੱਸੋ ਜਿਨ੍ਹਾਂ ਕਰਕੇ ਤੁਸੀਂ ਸੋਚਦੇ ਹੋ ਕਿ ਸਾਨੂੰ ਪੂਰੀ ਰਕਮ ਦੇਣ ਦਾ ਆਰਡਰ ਕਰਨਾ ਚਾਹੀਦਾ ਹੈ।

ਜੇ ਵਾਈਸ ਚੇਅਰ ਤੁਹਾਡੀ ਅਪੀਲ ਦੇ ਖਰਚੇ ਦੇਣ ਦਾ ਆਰਡਰ ਵਰਕਸੇਫ ਬੀ ਸੀ ਨੂੰ ਕਰਦਾ ਹੈ ਤਾਂ ਕਿਰਪਾ ਕਰਕੇ ਆਪਣੇ ਸਾਰੇ ਬਿੱਲ ਅਤੇ ਰਸੀਦਾਂ ਵਰਕਸੇਫ ਬੀ ਸੀ ਨੂੰ ਭੇਜੋ।

ਅਸੀਂ ਤੁਹਾਡੇ ਫੋਟੋਕਾਪੀ ਦੇ ਖਰਚੇ, ਤੁਹਾਡੇ ਨੁਮਾਇੰਦੇ ਦੀਆਂ ਫੀਸਾਂ, ਜਾਂ ਕਿਸੇ ਇਮਪਲੌਏਅਰ ਦੀਆਂ ਤਨਖਾਹਾਂ ਦੇ ਨੁਕਸਾਨ ਦੇ ਖਰਚੇ ਦੇਣ ਲਈ ਵਰਕਸੇਫ ਬੀ ਸੀ ਨੂੰ ਆਰਡਰ ਨਹੀਂ ਕਰਦੇ।

## ਡਬਲਯੂ ਸੀ ਏ ਟੀ ਆਪਣਾ ਫੈਸਲਾ ਕਿਵੇਂ ਕਰਦਾ ਹੈ?

ਅਪੀਲ ਸੁਣਨ ਵਾਲਾ ਵਾਈਸ ਚੇਅਰ ਵਰਕਸੇਫ ਬੀ ਸੀ ਦੀ ਫਾਇਲ ਵਿਚਲੇ ਸਬੂਤਾਂ ਅਤੇ ਅਪੀਲਕਰਤਾ ਅਤੇ ਕਿਸੇ ਉੱਤਰਦਾਇਕ ਵਲੋਂ ਦਿੱਤੇ ਗਏ ਸਬੂਤਾਂ ਅਤੇ ਲਿਖਤੀ ਦਲੀਲਾਂ ’ਤੇ ਵਿਚਾਰ ਕਰੇਗਾ।

ਵਾਈਸ ਚੇਅਰ ਲਈ, ਅਪੀਲ ’ਤੇ ਵਰਕਸੇਫ ਬੀ ਸੀ ਦੇ ਬੋਰਡ ਆਫ ਡਾਇਰੈਕਟਰਜ਼ ਦੀਆਂ ਢੁਕਵੀਆਂ ਪਾਲਸੀਆਂ ਲਾਗੂ ਕਰਨਾ ਜ਼ਰੂਰੀ ਹੈ। ਜੇ ਮੁਆਵਜ਼ੇ ਦੇ ਕਿਸੇ ਮੁੱਦੇ ਉੱਪਰ ਸਬੂਤ ਬਰਾਬਰ ਹੋਣ ਤਾਂ ਵਾਈਸ ਚੇਅਰ ਲਈ ਉਸ ਮੁੱਦੇ ਉੱਪਰ ਫੈਸਲਾ ਵਰਕਰ ਦੇ ਹੱਕ ਵਿਚ ਕਰਨਾ ਜ਼ਰੂਰੀ ਹੈ। ਹੋਰ ਮੁੱਦਿਆਂ ’ਤੇ, ਵਾਈਸ ਚੇਅਰ ਆਪਣਾ ਫੈਸਲਾ ਸੰਭਾਵਨਾਵਾਂ ਦੇ ਸੰਤੁਲਨ ’ਤੇ ਕਰੇਗਾ।

ਵਾਈਸ ਚੇਅਰ ਕਾਰਨਾਂ ਨਾਲ ਫੈਸਲਾ ਲਿਖੇਗਾ ਜਿਹੜਾ ਕਿ ਅਪੀਲਕਰਤਾ ਅਤੇ ਉੱਤਰਦਾਇਕ ਨੂੰ ਡਾਕ ਰਾਹੀਂ ਭੇਜਿਆ ਜਾਵੇਗਾ। ਅਸੀਂ ਵਰਕਸੇਫ ਬੀ ਸੀ ਨੂੰ ਲਿਖਤੀ ਫੈਸਲੇ ਦੀ ਕਾਪੀ ਵੀ ਭੇਜਦੇ ਹਾਂ ਜੋ ਕਿ ਸਾਡਾ ਫੈਸਲਾ ਲਾਗੂ ਕਰੇਗਾ।

## ਮੈਨੂੰ ਜ਼ਿਆਦਾ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?

ਤੁਹਾਨੂੰ ਸਾਡੇ ਬਾਰੇ ਜ਼ਿਆਦਾ ਜਾਣਕਾਰੀ ਸਾਡੇ ਵੈੱਬਸਾਈਟ (www.wcat.bc.ca) ਤੋਂ ਮਿਲੇਗੀ। ਇਸ ਵਿਚ ਡਬਲਯੂ ਸੀ ਏ ਟੀ ਦਾ ਮੈਨੂਅਲ ਆਫ ਰੂਲਜ਼ ਆਫ ਪ੍ਰੈਕਟਿਸ ਐਂਡ ਪ੍ਰੋਸੀਜ਼ਰ (ਐੱਮ ਆਰ ਪੀ ਪੀ) ਵੀ ਸ਼ਾਮਲ ਹੈ ਜਿਹੜਾ ਤੁਸੀਂ ***ਐੱਮ ਆਰ ਪੀ ਪੀ*** ਟੈਬ ਹੇਠ ਦੇਖ ਸਕਦੇ ਹੋ। ਤੁਹਾਨੂੰ ਡਬਲਯੂ ਸੀ ਏ ਟੀ ਦੇ ਪਹਿਲੇ ਫੈਸਲੇ ***ਸਰਚ ਆਵਰ ਡਿਸੀਜ਼ਨਜ਼*** ਟੈਬ ਹੇਠ ਮਿਲਣਗੇ। ਤੁਸੀਂ ਫਿਰ ਉਨ੍ਹਾਂ ਪਾਲਸੀਆਂ ਦਾ ਹਵਾਲਾ ਦੇ ਸਕਦੇ ਹੋ ਜਿਹੜੀਆਂ ਤੁਹਾਡੀ ਅਪੀਲ ’ਤੇ ਲਾਗੂ ਹੁੰਦੀਆਂ ਹਨ ਅਤੇ ਸ਼ਾਇਦ ਅਪੀਲ ਬਾਰੇ ਤੁਹਾਡੀ ਸਥਿਤੀ ਦੀ ਹਿਮਾਇਤ ਕਰਦੀਆਂ ਹਨ। ਤੁਹਾਨੂੰ ***ਪ੍ਰੀਪੇਰਿੰਗ ਫਾਰ ਐਨ ਅਪੀਲ*** ਟੈਬ ਥੱਲੇ ਸਬੂਤਾਂ ਦੇ ਮੁਢਲੇ ਸਿਧਾਂਤਾਂ ਬਾਰੇ ਜ਼ਿਆਦਾ ਜਾਣਕਾਰੀ ਵੀ ਮਿਲੇਗੀ।

ਵਰਕਸੇਫ ਬੀ ਸੀ ਦੇ ਕਲੇਮ ਜਾਂ ਰਿਵੀਊ ਡਿਵੀਜ਼ਨ ਦੇ ਰਿਵੀਊ ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ ਕਿਰਪਾ ਕਰਕੇ ਸੰਪਰਕ ਕਰੋ:

**ਵਰਕਸੇਫ ਬੀ ਸੀ:** 1 888 967-5377
**ਰਿਵੀਊ ਡਿਵੀਜ਼ਨ:** 1 888 922-8804

# ਮੈਨੂੰ ਜ਼ਿਆਦਾ ਮਦਦ ਕਿੱਥੋਂ ਮਿਲ ਸਕਦੀ ਹੈ?

ਤੁਸੀਂ ਇਨ੍ਹਾਂ ਵਿੱਚੋਂ ਕਿਸੇ ਵੀ ਥਾਂ ਵਿਚਲੇ ਕਿਸੇ ਵਰਕਰਜ਼' ਜਾਂ ਇਮਪਲੌਏਅਰਜ਼' ਐਡਵਾਈਜ਼ਰ ਤੋਂ ਅਪੀਲ ਦੇ ਸੰਬੰਧ ਵਿਚ ਮੁਫਤ ਮਦਦ ਲੈ ਸਕਦੇ ਹੋ:

## ਵਰਕਰਜ਼' ਐਡਵਾਈਜ਼ਰਜ਼

*ਵੈੱਬਸਾਈਟ:* www.labour.gov.bc.ca/wab

### ਵੈਨਕੂਵਰ/ਲੋਅਰ ਮੇਨਲੈਂਡ ਦਾ ਇਲਾਕਾ

**ਐਬਟਸਫੋਰਡ**
204 - 32555 Simon Avenue
Abbotsford, BC V2T 4Y2
*ਟੈਲੀਫੋਨ:* 604 870-5488
*ਫੈਕਸ:* 604 870-5494
*ਬੀ ਸੀ ਵਿਚ ਟੋਲ ਫ੍ਰੀ:*
1 888 295-7781

**ਰਿਚਮੰਡ**
500 - 8100 Granville Avenue
Richmond, BC V6Y 3T6
*ਟੈਲੀਫੋਨ:* 604 713-0360
*ਫੈਕਸ:* 604 713-0311
*ਬੀ ਸੀ ਵਿਚ ਟੋਲ ਫ੍ਰੀ:*
1 800 663-4261

### ਵੈਨਕੂਵਰ ਆਈਲੈਂਡ ਦਾ ਇਲਾਕਾ

**ਕੈਂਬਲ ਰਿਵਰ**
205 -1040 Shoppers Row
Campbell River, BC V9W 2C6
*ਟੈਲੀਫੋਨ:* 250 830-6526
*ਫੈਕਸ:* 250 830-6528
*ਬੀ ਸੀ ਵਿਚ ਟੋਲ ਫ੍ਰੀ:*
1 888 643-0013

**ਨਨਾਇਮੋ**
504 - 495 Dunsmuir Street
Nanaimo, BC V9R 6B9
*ਟੈਲੀਫੋਨ:* 250 741-5504
*ਫੈਕਸ:* 250 741-5516
*ਬੀ ਸੀ ਵਿਚ ਟੋਲ ਫ੍ਰੀ:*
1 800 668-2117

**ਵਿਕਟੋਰੀਆ**
403 - 3960 Quadra Street
Victoria, BC V8X 4A3
*ਟੈਲੀਫੋਨ:* 250 952-4393
*ਫੈਕਸ:* 250 952-4399
*ਬੀ ਸੀ ਵਿਚ ਟੋਲ ਫ੍ਰੀ:*
1 800 661-4066

### ਇਨਟੀਰੀਅਰ ਦਾ ਇਲਾਕਾ

**ਕੈਮਲੂਪਸ**
102 - 70 Second Avenue
Kamloops, BC V2C 6W2
*ਟੈਲੀਫੋਨ:* 250 371-3860
*ਫੈਕਸ:* 250 371-3820
*ਬੀ ਸੀ ਵਿਚ ਟੋਲ ਫ੍ਰੀ:*
1 800 663-6695

**ਕਲੋਨਾ**
101 - 1726 Dolphin Avenue
Kelowna, BC V1Y 9R9
*ਟੈਲੀਫੋਨ:* 250 717-2096
*ਫੈਕਸ:* 250 717-2010
*ਬੀ ਸੀ ਵਿਚ ਟੋਲ ਫ੍ਰੀ:*
1 866 881-1188

**ਨੈਲਸਨ**
310 Ward Street
Second Floor
Nelson, BC V1L 5S4
*ਟੈਲੀਫੋਨ:* 250 354-6933
*ਫੈਕਸ:* 250 354-6944
*ਬੀ ਸੀ ਵਿਚ ਟੋਲ ਫ੍ਰੀ:*
1 866 354-6933

**ਪ੍ਰਿੰਸ ਜੌਰਜ**
208 -1577 7th Avenue
Prince George, BC V2L 3P5
*ਟੈਲੀਫੋਨ:* 250 565-4280
*ਫੈਕਸ:* 250 565-4283
*ਬੀ ਸੀ ਵਿਚ ਟੋਲ ਫ੍ਰੀ:*
1 800 263-6066

## ਇਮਪਲੌਏਅਰਜ਼' ਐਡਵਾਈਜ਼ਰਜ਼

*ਵੈੱਬਸਾਈਟ:* www.labour.gov.bc.ca/eao

### ਵੈਨਕੂਵਰ/ਲੋਅਰ ਮੇਨਲੈਂਡ ਦਾ ਇਲਾਕਾ

**ਐਬਟਸਫੋਰਡ**
207 - 32555 Simon Avenue
Abbotsford, BC V2T 4Y2
*ਟੈਲੀਫੋਨ:* 604 870-5492
*ਫੈਕਸ:* 604 870-5498
*ਬੀ ਸੀ ਅਤੇ ਅਲਬਰਟਾ ਵਿਚ*
*ਟੋਲ ਫ੍ਰੀ:* 1 866 870-5492

**ਰਿਚਮੰਡ**
620 - 8100 Granville Avenue
Richmond, BC V6Y 3T6
*ਟੈਲੀਫੋਨ:* 604 713-0303
*ਫੈਕਸ:* 604 713-0345
*ਬੀ ਸੀ ਅਤੇ ਅਲਬਰਟਾ ਵਿਚ*
*ਟੋਲ ਫ੍ਰੀ:* 1 800 925-2233

### ਵੈਨਕੂਵਰ ਆਈਲੈਂਡ ਦਾ ਇਲਾਕਾ

**ਨਨਾਇਮੋ**
404 - 495 Dunsmuir Street
Nanaimo, BC V9R 6B9
*ਟੈਲੀਫੋਨ:* 250 741-5500
*ਫੈਕਸ:* 250 741-5508
*ਬੀ ਸੀ ਅਤੇ ਅਲਬਰਟਾ ਵਿਚ*
*ਟੋਲ ਫ੍ਰੀ:* 1 866 827-2277

**ਵਿਕਟੋਰੀਆ**
400 - 3960 Quadra Street
Quadra Centre
Victoria, BC V8X 4A8
*ਟੈਲੀਫੋਨ:* 250 952-4821
*ਫੈਕਸ:* 250 952-4822
*ਬੀ ਸੀ ਅਤੇ ਅਲਬਰਟਾ ਵਿਚ*
*ਟੋਲ ਫ੍ਰੀ: 1800 663-8783*

### ਇਨਟੀਰੀਅਰ ਦਾ ਇਲਾਕਾ

**ਕੈਮਲੂਪਸ**
101 - 70 Second Avenue
Kamloops, BC V2C 6W2
*ਟੈਲੀਫੋਨ:* 250 828-4397
*ਫੈਕਸ:* 250 828-4563
*ਬੀ ਸੀ ਅਤੇ ਅਲਬਰਟਾ ਵਿਚ*
*ਟੋਲ ਫ੍ਰੀ:* 1 866 301-6688

**ਕਲੋਨਾ**
102 - 1726 Dolphin Avenue
Kelowna, BC V1Y 9R9
*ਟੈਲੀਫੋਨ:* 250 717-2050
*ਫੈਕਸ:* 250 717-2051
*ਬੀ ਸੀ ਅਤੇ ਅਲਬਰਟਾ ਵਿਚ*
*ਟੋਲ ਫ੍ਰੀ:* 1 866 855-7575

**ਪ੍ਰਿੰਸ ਜੌਰਜ**
206 - 1577 7th Avenue
Prince George, BC V2L 3P5
*ਟੈਲੀਫੋਨ:* 250 565-4285
*ਫੈਕਸ:* 250 565-4288
*ਬੀ ਸੀ ਅਤੇ ਅਲਬਰਟਾ ਵਿਚ*
*ਟੋਲ ਫ੍ਰੀ:* 1 888 608-8882

**ਟਰੇਲ**
1050 Eldorado Street
Trail, BC V1R 3V7
*ਟੈਲੀਫੋਨ:* 250 364-0730
*ਫੈਕਸ:* 250 364-0731
*ਬੀ ਸੀ ਅਤੇ ਅਲਬਰਟਾ ਵਿਚ*
*ਟੋਲ ਫ੍ਰੀ:* 1 877 877-5524

## ਡਬਲਯੂ ਸੀ ਏ ਟੀ ਦੀਆਂ ਜਾਣਕਾਰੀ ਦੇਣ ਵਾਲੀਆਂ ਗਾਈਡਾਂ

*ਰਿਵੀਊ ਡਿਵੀਜ਼ਨ ਦੇ ਕਿਸੇ ਫੈਸਲੇ ਵਿਰੁੱਧ ਅਪੀਲ ਕਰਨ ਲਈ ਵਰਕਰ ਦੀ ਗਾਈਡ**

*ਰਿਵੀਊ ਡਿਵੀਜ਼ਨ ਦੇ ਕਿਸੇ ਫੈਸਲੇ ਵਿਰੁੱਧ ਅਪੀਲ ਕਰਨ ਲਈ ਇਮਪਲੌਏਅਰ ਦੀ ਗਾਈਡ**

*ਉੱਤਰਦਾਇਕ ਦੀ ਗਾਈਡ**

*ਜ਼ਬਾਨੀ ਸੁਣਵਾਈ ਬਾਰੇ ਗਾਈਡ**

*ਲਿਖਤੀ ਦਲੀਲਾਂ ਦੇਣ ਬਾਰੇ ਗਾਈਡ**

*ਡਾਕਟਰੀ ਸਬੂਤਾਂ ਬਾਰੇ ਗਾਈਡ**

*ਫੈਸਲੇ ਤੋਂ ਬਾਅਦ ਲਈ ਗਾਈਡ**

* ਇਹ ਗਾਈਡਾਂ ਸਾਡੇ ਵੈੱਬਸਾਈਟ ’ਤੇ ਪੰਜਾਬੀ, ਚਾਇਨੀਜ਼ (ਟ੍ਰਾਡੀਸ਼ਨਲ) ਅਤੇ ਚਾਇਨੀਜ਼ (ਸਿੰਪਲੀਫਾਇਡ) ਵਿਚ ਵੀ ਮਿਲਦੀਆਂ ਹਨ।

## ਡਬਲਯੂ ਸੀ ਏ ਟੀ ਨਾਲ ਸੰਪਰਕ ਕਰਨ ਬਾਰੇ ਜਾਣਕਾਰੀ

ਚਿੱਠੀ-ਪੱਤਰ ਲਈ ਐਡਰੈਸ:
Workers’ Compensation Appeal Tribunal
150 – 4600 Jacombs Road
Richmond, BC V6V 3B1

ਟੈਲੀਫੋਨ: 604 664-7800
ਫੈਕਸ: 604 664-7898
ਬੀ ਸੀ ਵਿਚ ਟੋਲ ਫ੍ਰੀ: 1 800 663-2782

ਵੈੱਬਸਾਈਟ: www.wcat.bc.ca

ਜੇ ਤੁਹਾਡੇ ਕੋਲ ਸਮਾਰਟ ਫੋਨ ਹੈ ਤਾਂ ਸਾਡੇ ਵੈੱਬਸਾਈਟ ਤੱਕ ਪਹੁੰਚ ਕਰਨ ਲਈ ਇਹ ਕੋਡ ਸਕੈਨ ਕਰੋ।

WCAT Workers’ Compensation Appeal Tribunal